# ਅਸਥਾਈ ਏਜੰਸੀ ਕਰਮਚਾਰੀਆਂ ਦੀ ਰੱਖਿਆ ਕਰਨਾ:

## ਰੁਜ਼ਗਾਰਦਾਤਾਵਾਂ ਲਈ ਜਾਣਕਾਰੀ

## ਅਸਥਾਈ ਏਜੰਸੀ ਕਰਮਚਾਰੀਆਂ ਬਾਰੇ ਵਿਲੱਖਣ ਕੀ ਹੈ?

ਅਸਥਾਈ ਏਜੰਸੀਆਂ, ਕੁੱਝ ਲੀਜ਼ਿੰਗ ਅਤੇ ਸਟਾਫਿੰਗ ਏਜੰਸੀਆਂ, ਅਤੇ PEO (ਪੇਸ਼ੇਵਰ ਰੁਜ਼ਗਾਰਦਾਤਾ ਸੰਸਥਾਵਾਂ) ਦੇ ਕਰਮਚਾਰੀਆਂ ਕੋਲ ਦੋਹਰੇ ਰੁਜ਼ਗਾਰਦਾਤਾ ਹੁੰਦੇ ਹਨ। ਦੋਹਰੇ-ਰੁਜ਼ਗਾਰਦਾਤਾ ਦੀ ਵਿਵਿਸਥਾ ਉਹ ਹੈ ਜਿੱਥੇ ਇੱਕ ਕਰਮਚਾਰੀ ਕੋਲ ਇੱਕੋ ਸਮੇਂ ਦੌਰਾਨ ਦੋ ਰੁਜ਼ਗਾਰਦਾਤਾ ਹੁੰਦੇ ਹਨ।

ਇਸਦਾ ਸੱਭ ਤੋਂ ਆਮ ਉਦਾਹਰਨ ਉਹ ਹੈ ਜਦੋਂ ਕੋਈ ਕਰਮਚਾਰੀ ਕਿਸੇ ਅਸਥਾਈ ਸਟਾਫਿੰਗ ਏਜੰਸੀ ਰਾਹੀਂ ਕੰਮ ਹਾਸਿਲ ਕਰਦਾ ਹੈ। ਇਹਨਾਂ ਹਾਲਾਤਾਂ ਵਿੱਚ, ਅਸਥਾਈ ਸਟਾਫਿੰਗ ਇੱਕ ਏਜੰਸੀ ਕਰਮਚਾਰੀ ਨੂੰ ਕਿਸੇ ਦੂਜੇ ਰੁਜ਼ਗਾਰਦਾਤਾ ਦੇ ਕਾਰਜਸਥਾਨ ਉੱਤੇ ਕੰਮ ਲਈ ਭੇਜਦੀ ਹੈ। ਇਹ ਬਹੁ-ਰੁਜ਼ਗਾਰਦਾਤਾ ਹਾਲਾਤਾਂ ਨਾਲੋਂ ਇੱਕ ਮੁੱਖ ਫ਼ਰਕ ਹੈ, ਜਿੱਥੇ ਦੋ ਜਾਂ ਦੋ ਤੋਂ ਵੱਧ ਰੁਜ਼ਗਾਰਦਾਤਾਵਾਂ ਦੇ ਕਰਮਚਾਰੀ ਇੱਕ ਹੀ ਕਾਰਜਸਥਾਨ, ਜਿਵੇਂ ਕਿ ਉਸਾਰੀ ਦੀ ਸਾਈਟ, ਤੇ ਮੌਜੂਦ ਹੁੰਦੇ ਹਨ।

ਕਰਮਚਾਰੀ ਨੂੰ ਭੁਗਤਾਨ ਕਰਨ ਵਾਲੀ ਅਸਥਾਈ ਏਜੰਸੀ ਨੂੰ ਪ੍ਰਮੁੱਖ ਰੁਜ਼ਗਾਰਦਾਤਾ ਮੰਨਿਆ ਜਾਂਦਾ ਹੈ। ਕਾਰਜਸਥਾਨ ਰੁਜ਼ਗਾਰਦਾਤਾ ਨੂੰ ਸੈਕੰਡਰੀ ਰੁਜ਼ਗਾਰਦਾਤਾ ਮੰਨਿਆ ਜਾਂਦਾ ਹੈ ਜਾਂ ਕਈ ਵਾਰ ਉਸਨੂੰ ਮੇਜ਼ਬਾਨ ਰੁਜ਼ਗਾਰਦਾਤਾ ਨਾਲ ਵੀ ਸਮਝਿਆ ਕੀਤਾ ਜਾਂਦਾ ਹੈ।



ਕਰਮਚਾਰੀ ਸੈਕੰਡਰੀ ਰੁਜ਼ਗਾਰਦਾਤਾ ਦੀ ਨਿਗਰਾਨੀ ਅਤੇ ਨਿਯੰਤਰਣ ਅਧੀਨ ਹੁੰਦਾ ਹੈ, ਲੇਕਿਨ ਤਨਖਾਹ ਪ੍ਰਾਥਮਿਕ ਰੁਜ਼ਗਾਰਦਾਤਾ ਵੱਲੋਂ ਹੀ ਦਿੱਤੀ ਜਾਂਦੀ ਹੈ। ਪ੍ਰਾਥਮਿਕ ਰੁਜ਼ਗਾਰਦਾਤਾ ਕਰਮਚਾਰੀ ਦੇ ਪੇਅਚੈੱਕ ਜਾਰੀ ਕਰਦਾ ਹੈ, ਕਾਮਾ ਮੁਆਵਜ਼ਾ ਬੀਮਾ ਦੀ ਪ੍ਰਸ਼ਾਸਨ ਕਰਦਾ ਹੈ, ਅਤੇ ਆਮ ਤੌਰ 'ਤੇ ਨਿਯੁਕਤੀ ਅਤੇ ਬਰਖਾਸਤੀ ਅਥਾਰਟੀ ਉਸ ਕੋਲ ਹੁੰਦੀ ਹੈ।

ਪ੍ਰਾਥਮਿਕ ਅਤੇ ਸੈਕੰਡਰੀ ਰੁਜ਼ਗਾਰਦਾਤਾ ਨੂੰ ਕਰਮਚਾਰੀਆਂ ਨੂੰ ਰੱਖਿਆ ਅਤੇ ਸਹਿਤ ਸਬੰਧੀ ਖਤਰਿਆਂ ਤੋਂ ਬਚਾਉਣਾ ਪਵੇਗਾ ਅਤੇ Cal/OSHA ਨਿਯਮਾਵਲੀਆਂ ਦੇ ਮੁਤਾਬਕ ਲੋੜੀਂਦੇ ਰੱਖਿਆ ਪ੍ਰੋਗਰਾਮ ਲਾਗੂ ਕਰਨਾ ਲਾਜ਼ਮੀ ਹੈ। ਦੋਵੇਂ ਰੁਜ਼ਗਾਰਦਾਤਾ ਨੂੰ ਉਸ ਖਤਰਨਾਕ ਸਥਿਤੀਆਂ ਲਈ ਜ਼ਿੰਮੇਵਾਰ ਮੰਨਿਆ ਜਾ ਸਕਦਾ ਹੈ ਜਿਸਦੇ ਸੰਪਰਕ ਵਿੱਚ ਕੋਈ ਕਰਮਚਾਰੀ ਆਇਆ ਹੈ।

## ਪ੍ਰਾਥਮਿਕ ਰੁਜ਼ਗਾਰਦਾਤਾ ਦੀਆਂ ਮੂਲ ਜ਼ਿੰਮੇਵਾਰੀਆਂ

### ਸੱਟ ਅਤੇ ਬਿਮਾਰੀ ਰੋਕਥਾਮ ਪ੍ਰੋਗਰਾਮ (Injury and Illness Prevention Program, IIPP)

ਪ੍ਰਾਥਮਿਕ ਰੁਜ਼ਗਾਰਦਾਤਾਵਾਂ ਨੂੰ ਕੈਲੀਫੋਰਨੀਆ ਦੀ ਨਿਯਮਾਵਲੀ ਸੰਹਿਤਾ (T8CCR) ਦੇ ਸਿਰਲੇਖ 8 ਧਾਰਾ 3203 ਦੁਆਰਾ ਲੋੜੀਂਦੇ ਲਿਖਤੀ ਰੂਪ ਵਿੱਚ ਇੱਕ ਪ੍ਰਭਾਵੀ IIPP ਨੂੰ ਤਿਆਰ, ਲਾਗੂ, ਅਤੇ ਕਾਇਮ ਰੱਖਣਾ ਲਾਜ਼ਮੀ ਹੋਵੇਗਾ। IIPP ਵਿੱਚ ਹੇਠ ਦੱਸੇ ਸ਼ਾਮਿਲ ਹੋਣਾ ਲਾਜ਼ਮੀ ਹੈ:

1. ਕਿੱਤਿਆਮੁਖੀ ਰੱਖਿਆ ਅਤੇ ਸਹਿਤ ਦੇ ਬਾਰੇ ਆਪਣੇ ਸਾਰੇ ਕਰਮਚਾਰੀਆਂ ਦੇ ਨਾਲ ਪ੍ਰਭਾਵੀ ਢੰਗ ਨਾਲ ਸੰਚਾਰ ਕਰਨ ਲਈ ਇੱਕ ਸਿਸਟਮ।
2. ਸੈਕੰਡਰੀ ਰੁਜ਼ਗਾਰਦਾਤਾ ਦੇ ਕਾਰਜਸਥਾਨ ਦੇ ਖਤਰਿਆਂ ਨੂੰ ਪਹਿਚਾਣਨ ਅਤੇ ਮੁਲਾਂਕਣ ਕਰਨ ਲਈ ਸ਼ੁਰੂਆਤੀ ਅਤੇ ਨਿਯਮਿਤ ਜਾਂਚਾਂ ਲਈ ਪ੍ਰਕਰਿਆਿਵਾਂ।
3. ਕਿੱਤਿਆਮੁਖੀ ਸੱਟਾਂ ਅਤੇ ਬਿਮਾਰੀਆਂ ਦੀ ਜਾਂਚ ਕਰਨ ਦੀਆਂ ਪ੍ਰਕਰਿਆਿਵਾਂ।
4. ਪ੍ਰਾਥਮਿਕ ਰੁਜ਼ਗਾਰਦਾਤਾ ਦੇ ਕਰਮਚਾਰੀਆਂ ਨੂੰ ਖਤਰਿਆਂ ਤੋਂ ਬਚਾਉਣ ਲਈ ਪ੍ਰਕਰਿਆਿਵਾਂ, ਜਾਂ ਸੈਕੰਡਰੀ ਰੁਜ਼ਗਾਰਦਾਤਾ ਨਾਲ ਮਿਲ ਕੇ ਕੰਮ ਕਰਨ ਲਈ ਖਤਰਿਆਂ ਨੂੰ ਸਮੇਂ ਸਿਰ ਘਟਾਉਣ ਅਤੇ ਇਸ ਦੇ ਕਰਮਚਾਰੀਆਂ ਨੂੰ ਸੁਧਾਰ ਹੋਣ ਤੱਕ ਅਸੁਰੱਖਿਅਤ ਹਾਲਤਾਂ ਤੋਂ ਬਚਾਉਣ ਦੀਆਂ ਪ੍ਰਕਰਿਆਿਵਾਂ।
5. ਨਵੇਂ ਕ ਰਮਚਾਰੀਆਂ ਲਈ ਸਿਖਲਾਈ, ਨਵੇਂ ਕੰਮ ਦੇ ਅਸਾਈਨਮੈਂਟ ਸੌਂਪੇ ਗਏ ਕਰਮਚਾਰੀਆਂ ਲਈ ਸਿਖਲਾਈ, ਅਤੇ ਜਦੋਂ ਵੀ ਪ੍ਰਾਥਮਿਕ ਰੁਜ਼ਗਾਰਦਾਤਾ ਪਿਛਲੇ ਗੈਰ-ਪਹਿਚਾਣੇ ਖਤਰੇ ਤੋਂ ਜਾਣੂ ਹੁੰਦਾ ਹੈ। ਪ੍ਰਾਥਮਿਕ ਰੁਜ਼ਗਾਰਦਾਤ ਦੁਆਰਾ ਯਕੀਨੀ ਬਣਾਇਆ ਜਾਵੇ ਕਿ ਕਰਮਚਾਰੀ ਲੋੜੀਂਦੀ ਸਿਖਲਾਈ ਪ੍ਰਾਪਤ ਕਰਨ। ਸਿਖਲਾਈ ਵਿੱਚ ਖਤਰੇ ਦੀ ਪਹਿਚਾਣ, ਜੋਖਮ ਦੀ ਰੋਕਥਾਮ, ਅਤੇ ਸੁਰੱਖਿਅਤ ਕਾਰਜ ਅਭਿਆਸ ਸ਼ਾਮਿਲ ਹੋਣੇ ਲਾਜ਼ਮੀ ਹਨ। ਹਾਲਾਂਕਿ, ਜਦੋਂ ਪ੍ਰਤੱਥਮਕਿ ਰੁਜ਼ਗਾਰਦਾਤਾ ਨੇ ਬੁਨਿਆਦੀ ਸਿਖਲਾਈ ਪ੍ਰਦਾਨ ਕੀਤੀ ਹੋਵੇ, ਤਾਂ ਵੀ ਸੈਕੰਡਰੀ ਰੁਜ਼ਗਾਰਦਾਤਾ ਨੂੰ ਕਰਮਚਾਰੀਆਂ ਦੇ ਵਿਸ਼ੇਸ਼ ਕੰਮਾਂ ਅਤੇ ਕੰਮ ਦੀਆਂ ਸਥਿਤੀਆਂ ਦੇ ਮੁਤਾਬਕ ਸਾਈਟ-ਵਿਸ਼ੇਸ਼ ਸਿਖਲਾਈ ਪ੍ਰਦਾਨ ਕਰਨੀ ਲਾਜ਼ਮੀ ਹੈ। ਪ੍ਰਾਥਮਿਕ ਰੁਜ਼ਗਾਰਦਾਤਾ ਨੂੰ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਸੈਕੰਡਰੀ ਰੁਜ਼ਗਾਰਦਾਤਾ ਦੀ ਸਿਖਲਾਈ ਸਾਰੇ ਸੰਭਾਵੀ ਖਤਰਿਆਂ ਬਾਰੇ ਦਾ ਢੁੱਕਵਾਂ ਹੱਲ ਪ੍ਰਦਾਨ ਕਰੇ।

### ਨਿਜੀ ਰੱਖਿਆਤਮਕ ਉਪਕਰਨ

ਪ੍ਰਾਥਮਿਕ ਰੁਜ਼ਗਾਰਦਾਤਾਵਾਂ ਨੂੰ ਨਿੱਜੀ ਰੱਖਿਆ ਉਪਕਰਣ ( Personal Protective Equipment, PPE) ਜੋ ਕਰਮਚਾਰੀਆਂ ਦੇ ਕੰਮ ਦੇ ਕੰਮਾਂ ਲਈ ਢੁਕਵੇਂ ਹੋਣ ਅਤੇ PPE ਦੀ ਵਰਤੋਂ ਬਾਰ ਸਿਖਲਾਈ ਦੇਣੀ ਲਾਜ਼ਮੀ ਹੈ ਜਾਂ ਇਹ ਯਕੀਨੀ ਬਣਾਉਣਾ ਲਾਜ਼ਮੀ ਹੈ ਕਿ ਸੈਕੰਡਰੀ ਰੁਜ਼ਗਾਰਦਾਤਾ PPE ਅਤੇ ਸਿਖਲਾਈ ਪ੍ਰਦਾਨ ਕਰਦਾ ਹੈ।

(ਅਗਲੇ ਪੰਨੇ ਤੇ ਜਾਰੀ ਹੈ)

## ਕਾਰਜਸਥਾਨ ਵਿੱਚ ਖਤਰਿਆਂ ਬਾਰੇ ਕਰਮਚਾਰੀਆਂ ਨੂੰ ਸੂਚਿਤ ਰੱਖੋ

ਪ੍ਰਾਥਮਿਕ ਰੁਜ਼ਗਾਰਦਾਤਾਵਾਂ ਨੂੰ ਆਪਣੇ ਕਰਮਚਾਰੀਆਂ ਨੂੰ ਸੂਚਿਤ ਕਰਨਾ ਲਾਜ਼ਮੀ ਹੈ ਕਿ ਉਨ੍ਹਾਂ ਦੇ ਰੱਖਿਆ ਨਿਯਮ ਉੱਥੇ ਲਾਗੂ ਹੁੰਦੇ ਹਨ ਜਿੱਥੇ ਵੀ ਉਹ ਕੰਮ ਕਰ ਰਹੇ ਹਨ, ਅਤੇ ਜੇ ਉਨ੍ਹਾਂ ਨੂੰ ਕੋਈ ਅਜਿਹਾ ਕੰਮ ਕਰਨ ਲਈ ਕਿਹਾ ਜਾਂਦਾ ਹੈ ਜੋ ਉਨ੍ਹਾਂ ਨੂੰ ਖਤਰਨਾਕ ਜਾਂ ਪ੍ਰਾਥਮਿਕ ਰੁਜ਼ਗਾਰਦਾਤਾ ਦੇ ਰੱਖਿਆ ਨਿਯਮਾਂ ਦੀ ਉਲੰਘਣਾ ਵਿੱਚ ਲੱਗਦਾ ਹੈ, ਤਾਂ ਉਹ ਇਸਨੂੰ ਕਰਨ ਤੋਂ ਇਨਕਾਰ ਕਰ ਸਕਦੇ ਹਨ ਅਤੇ ਮੁੜਅਸਾਈਨਮੈਂਟ ਲਈ ਬਿਨਾਂ ਕਿਸੇ ਜੁਰਮਾਨੇ ਦੇ ਪ੍ਰਾਥਮਿਕ ਰੁਜ਼ਗਾਰਦਾਤਾ ਕੋਲ ਵਾਪਸ ਆ ਸਕਦੇ ਹਨ।

## ਕਾਰਜਸਥਾਨ ਵਿਖੇ ਖਤਰਨਾਕ ਹਾਲਾਤਾਂ ਲਈ ਜ਼ਿੰਮੇਵਾਰੀ

ਪ੍ਰਾਥਮਿਕ ਰੁਜ਼ਗਾਰਦਾਤਾ ਤੇ ਨੂੰ ਨੋਟਿਸ ਦਿੱਤਾ ਜਾ ਜਾ ਸਕਦਾ ਹੈ ਜੇਕਰ ਉਹਨਾਂ ਨੂੰ ਖਤਰਨਾਕ ਹਾਲਾਤਾਂ ਦਾ ਪਤਾ ਹੋਵੇ ਜਾਂ ਪਤਾ ਹੋਣਾ ਚਾਹੀਦਾ ਸੀ ਅਤੇ ਉਹਨਾਂ ਦੇ ਕਰਮਚਾਰੀਆਂ ਇਸਦੇ ਸੰਪਰਕ ਵਿੱਚ ਆਏ ਜਾਂ ਜ਼ਖਮੀ ਹੋਏ।

ਉਦਾਹਰਨ ਵਜੋਂ, ਇੱਕ ਪ੍ਰਾਥਮਿਕ ਰੁਜ਼ਗਾਰਦਾਤਾ ਨੂੰ ਦੁਰਘਟਨਾ-ਸਬੰਧੀ ਗੰਭੀਰ ਉਲੰਘਣਾ ਲਈ ਨੋਟਿਸ ਦਿੱਤਾ ਗਿਆ ਸੀ ਕਿਉਂਕਿ ਰੁਜ਼ਗਾਰਦਾਤਾ ਨੇ ਆਪਣੇ ਕਰਮਚਾਰੀਆਂ ਨੂੰ ਬਿਨਾਂ-ਗਾਰਡ ਵਾਲੀ ਮਸ਼ੀਨ ਉੱਤੇ ਕੰਮ ਕਰਨ ਤੋਂ ਨਹੀਂ ਰੋਕਿਆ, ਜਿਸ ਕਾਰਨ ਕਰਮਚਾਰੀ ਦੀ ਉਂਗਲ ਕੱਟਣੀ ਪਈ। ਪ੍ਰਾਥਮਿਕ ਰੁਜ਼ਗਾਰਦਾਤਾ ਨੇ ਆਪਣੀ ਜਾਂਚ ਦੌਰਾਨ ਪਾਇਆ ਸੀ ਕਿ ਮਸ਼ੀਨ ਨੂੰ ਸਹੀ ਢੰਗ ਨਾਲ ਗਾਰਡ ਨਹੀਂ ਕੀਤਾ ਗਿਆ ਸੀ। ਉਸਦੇ ਆਨ-ਸਾਈਟ ਸੁਪਰਵਾਈਜ਼ਰ ਨੂੰ ਖਤਰੇ ਬਾਰੇ ਪਤਾ ਸੀ। ਪ੍ਰਾਥਮਿਕ ਰੁਜ਼ਗਾਰਦਾਤਾ ਨੇ ਸੈਕੰਡਰੀ ਰੁਜ਼ਗਾਰਦਾਤਾ ਨੂੰ ਖ਼ਤਰੇ ਨੂੰ ਠੀਕ ਕਰਨ, ਕਰਮਚਾਰੀਆਂ ਨੂੰ ਸਿਖਲਾਈ ਦੇਣ, ਜਾਂ ਕਰਮਚਾਰੀ ਨੂੰ ਹੋਰ ਕੰਮ ਕਰਨ ਲਈ ਦੁਬਾਰਾ ਨਿਯੁਕਤ ਨਹੀਂ ਕੀਤਾ।

## ਪ੍ਰਾਥਮਿਕ ਰੁਜ਼ਗਾਰਦਾਤਾਵਾਂ ਲਈ ਕਾਰਜਸਥਾਨ ਸੰਬੰਧੀ ਅਭਿਆਸ

ਹੇਠਾਂ ਕੁਝ ਆਮ ਸੁਰੱਖਿਅਤ ਕੰਮ ਅਭਿਆਸ ਹਨ ਜੋ ਪ੍ਰਾਥਮਿਕ ਰੁਜ਼ਗਾਰਦਾਤਾਵਾਂ ਨੂੰ ਮੇਜ਼ਬਾਨ ਰੁਜ਼ਗਾਰਦਾਤਾ ਦੇ ਕਾਰਜਸਥਾਨ ਤੇ ਕਰਮਚਾਰੀਆਂ ਨੂੰ ਸੁਰੱਖਿਅਤ ਅਤੇ ਤੰਦਰੁਸਤ ਰੱਖਣ ਦੀ ਆਪਣੀ ਜ਼ਿੰਮੇਵਾਰੀ ਨੂੰ ਪੂਰਾ ਕਰਨ ਵਿੱਚ ਮਦਦ ਕਰ ਸਕਦੇ ਹਨ:

- ਸਾਈਟ ਦਾ ਨਿਰੀਖਣ ਕਰੋ ਤਾਂ ਜੋ ਤੁਸੀਂ ਮੇਜ਼ਬਾਨ ਰੁਜ਼ਗਾਰਦਾਤਾ ਦੇ ਕਾਰਜਸਥਾਨ ਤੇ ਕਾਰਜਸਥਾਨ ਸੰਬੰਧੀ ਖਤਰਿਆਂ ਤੋਂ ਜਾਣੂ ਹੋਵੋ। ਇੱਕ ਸਮਝੌਤੇ ਕਰੋ ਕਿ ਲੋੜੀਂਦੀ ਸਿਖਲਾਈ ਕੌਣ ਪ੍ਰਦਾਨ ਕਰੇਗਾ ਅਤੇ ਕਰਮਚਾਰੀਆਂ ਨਾਲ ਇਹ ਯਕੀਨੀ ਬਣਾਉਣ ਲਈ ਜਾਂਚ ਕਰੋ ਕਿ ਉਨ੍ਹਾਂ ਨੂੰ ਉਨ੍ਹਾਂ ਦੇ ਕੰਮ ਦੇ ਕੰਮਾਂ ਲਈ ਰੱਖਿਆ ਸਿਖਲਾਈ ਪ੍ਰਾਪਤ ਹੋਈ ਹੈ।

- ਕਰਮਚਾਰੀਆਂ ਲਈ ਜੋਖਮ ਵਾਲੇ ਕਾਰਜਸਥਾਨ ਦੇ ਖੇਤਰਾਂ ਦੀ ਪਛਾਣ ਕਰਨ ਲਈ ਮੇਜ਼ਬਾਨ ਰੁਜ਼ਗਾਰਦਾਤਾ ਨਾਲ ਭਾਈਵਾਲੀ ਕਰੋ, ਯਕੀਨੀ ਬਣਾਓ ਕਿ ਕੀ ਕਰਮਚਾਰੀਆਂ ਦੀ ਰੱਖਿਆ ਲਈ ਢੁਕਵੇਂ ਨਿਯੰਤਰਣ ਸਥਾਪਤ ਕੀਤੇ ਗਏ ਹਨ, ਅਤੇ ਇਹ ਯਕੀਨੀ ਬਣਾਓ ਕਿ Cal/OSHA ਨਿਯਮਾਂ ਦੀ ਪਾਲਣਾ ਕੀਤੀ ਜਾ ਰਹੀ ਹੈ।

- ਕਰਮਚਾਰੀਆਂ ਨਾਲ ਸੰਪਰਕ ਵਿੱਚ ਰਹੋ ਅਤੇ ਨਿਯਮਤ ਅਧਾਰ ਤੇ ਉਨ੍ਹਾਂ ਦੀ ਰੱਖਿਆ ਅਤੇ ਸਿਹਤ ਦੀ ਨਿਗਰਾਨੀ ਕਰੋ। ਪਤਾ ਕਰਨ ਲਈ ਕਿ ਖਤਰੇ ਦਾ ਕਾਰਨ ਕੀ ਸੀ ਸ਼ਾਮਲ ਹੋਣਾ। ਜਾਂਚ ਦੌਰਾਨ ਮੌਜੂਦ ਰਹੋ ਅਤੇ ਮੇਜ਼ਬਾਨ ਰੁਜ਼ਗਾਰਦਾਤਾਵਾਂ ਨੂੰ ਸੁਧਾਰਾਤਮਕ ਕਾਰਵਾਈ ਕਰਨ ਵਿੱਚ ਸਹਾਇਤਾ ਕਰੋ।

- ਕਰਮਚਾਰੀਆਂ ਨੂੰ ਸੂਚਿਤ ਕਰੋ ਕਿ ਉਨ੍ਹਾਂ ਨੂੰ ਖਾਸ ਔਜ਼ਾਰਾਂ ਅਤੇ ਉਪਕਰਣਾਂ ਦੀ ਵਰਤੋਂ ਕਰਨ ਤੋਂ ਪਹਿਲਾਂ ਨਿਰਮਾਤਾ ਅਤੇ ਮੇਜ਼ਬਾਨ ਰੁਜ਼ਗਾਰਦਾਤਾ ਦੇ ਰੱਖਿਆ ਨਿਰਦੇਸ਼ਾਂ 'ਤੇ ਸਿਖਲਾਈ ਦਿੱਤੀ ਜਾਣੀ ਚਾਹੀਦੀ ਹੈ।

- ਮੇਜ਼ਬਾਨ ਰੁਜ਼ਗਾਰਦਾਤਾ ਦੁਆਰਾ ਲੋੜੀਂਦੇ ਲਾਇਸੰਸ ਜਾਂ ਸਰਟੀਫਿਕੇਸ਼ਨ ਨੂੰ ਕਾਇਮ ਰੱਖਣ ਲਈ ਕਰਮਚਾਰੀਆਂ ਦੁਆਰਾ ਲੋੜੀਂਦੀ ਸਿਖਲਾਈ ਅਤੇ ਸਿੱਖਿਆ ਪ੍ਰਦਾਨ ਕਰੋ।

## ਸੈਕੰਡਰੀ ਰੁਜ਼ਗਾਰਦਾਤਾ ਦੀਆਂ ਮੂਲ ਜ਼ਿੰਮੇਵਾਰੀਆਂ

ਸੈਕੰਡਰੀ (ਮੇਜ਼ਬਾਨ) ਰੁਜ਼ਗਾਰਦਾਤਾ ਪ੍ਰਾਥਮਿਕ ਰੁਜ਼ਗਾਰਦਾਤਾ ਦੇ ਕਰਮਚਾਰੀਆਂ ਦੀ ਸਿਹਤ ਅਤੇ ਰੱਖਿਆ ਲਈ ਪੂਰੀ ਤਰ੍ਹਾਂ ਜ਼ਿੰਮੇਵਾਰ ਹੈ।

## ਕਾਰਜ-ਸਬੰਧੀ ਮੌਤਾਂ ਜਾਂ ਸੱਟਾਂ ਦਾ ਰਿਕਾਰਡ ਰੱਖਣਾ ਅਤੇ ਰਿਪੋਰਟ ਕਰਨੀ

T8CCR ਧਾਰਾ 14300 ਮੁਤਾਬਕ ਇੱਕ ਰੁਜ਼ਗਾਰਦਾਤਾ ਨੂੰ ਆਪਣੇ ਕਰਮਚਾਰੀਆਂ ਦੀਆਂ ਕੰਮ ਨਾਲ ਸੰਬੰਧਿਤ ਮੌਤਾਂ, ਸੱਟਾਂ ਅਤੇ ਬਿਮਾਰੀਆਂ ਨੂੰ ਰਿਕਾਰਡ ਕਰਨ ਦੀ ਲੋੜ ਹੁੰਦੀ ਹੈ। ਜੇਕਰ ਪ੍ਰਾਥਮਿਕ ਰੁਜ਼ਗਾਰਦਾਤਾ ਰੋਜ਼ਾਨਾ ਦੇ ਆਧਾਰ 'ਤੇ ਨਿਗਰਾਨੀ ਪ੍ਰਦਾਨ ਨਹੀਂ ਕਰਦਾ ਹੈ, ਤਾਂ ਉਸਨੂੰ ਸੈਕੰਡਰੀ ਕਾਰਜਸਥਾਨ ਤੇ ਹੋਣ ਵਾਲੀਆਂ ਸੱਟਾਂ ਅਤੇ ਬਿਮਾਰੀਆਂ ਨੂੰ ਰਿਕਾਰਡ ਕਰਨ ਦੀ ਲੋੜ ਨਹੀਂ ਹੈ। ਜਿਨ੍ਹਾਂ ਮਾਮਲਿਆਂ ਵਿੱਚ ਸੈਕੰਡਰੀ ਰੁਜ਼ਗਾਰਦਾਤਾ ਕੋਲ ਕਰਮਚਾਰੀਆਂ 'ਤੇ ਪੂਰੀ ਨਿਗਰਾਨੀ ਦਾ ਨਿਯੰਤਰਣ ਹੁੰਦਾ ਹੈ, ਉਹ ਸੱਟਾਂ ਅਤੇ ਬਿਮਾਰੀਆਂ ਦੇ ਰਿਕਾਰਡ ਰੱਖਣ ਲਈ ਜ਼ਿੰਮੇਵਾਰ ਹੈ।

ਪ੍ਰਾਥਮਿਕ ਸੈਕੰਡਰੀ ਦੋਵੇਂ ਰੁਜ਼ਗਾਰਦਾਤਾਵਾਂ ਨੂੰ ਕਾਰਜਸਥਾਨ ਨਾਲ ਸਬੰਧਤ ਮੌਤਾਂ ਅਤੇ ਗੰਭੀਰ ਸੱਟਾਂ ਅਤੇ ਬਿਮਾਰੀਆਂ ਦੀ ਰਿਪੋਰਟ Cal/OSHA ਨੂੰ ਦੇਣੀ ਲਾਜ਼ਮੀ ਹੈ। ਇੱਕ ਰੁਜ਼ਗਾਰਦਾਤਾ ਖਾਸ ਤੌਰ 'ਤੇ ਕਿਸੇ ਹੋਰ ਨੂੰ Cal/OSHA ਨੂੰ ਮੌਤ ਜਾਂ ਗੰਭੀਰ ਸੱਟ ਜਾਂ ਬਿਮਾਰੀ ਦੀ ਰਿਪੋਰਟ ਕਰਨ ਲਈ ਅਧਿਕਾਰਤ ਕਰ ਸਕਦਾ ਹੈ, ਜਦੋਂ ਤੱਕ ਰੁਜ਼ਗਾਰਦਾਤਾ ਰਿਪੋਰਟ ਕਰਦਾ ਹੈ ਅਤੇ ਸਪਸ਼ਟ ਤੌਰ 'ਤੇ Cal/OSHA ਨੂੰ ਦੱਸਦਾ ਹੈ ਕਿ ਰਿਪੋਰਟ ਦੋਵਾਂ ਰੁਜ਼ਗਾਰਦਾਤਾਵਾਂ ਵੱਲੋਂ ਕੀਤੀ ਜਾ ਰਹੀ ਹੈ।

## ਬਦਲਾ ਲੈਣ ਦੇ ਖਿਲਾਫ ਰੱਖਿਆ

ਕਿਸੇ ਰੁਜ਼ਗਾਰਦਾਤਾ ਲਈ ਕਿਸੇ ਕਰਮਚਾਰੀ ਨੂੰ ਰੁਜ਼ਗਾਰਦਾਤਾ ਨੂੰ ਖਤਰਿਆਂ ਦੀ ਰਿਪੋਰਟ ਕਰਨ, Cal/OSHA ਕੋਲ ਸ਼ਿਕਾਇਤ ਦਰਜ਼ ਕਰਨ, ਜਾਂ Cal/OSHA ਜਾਂਚ ਜਾਂ ਅਪੀਲ ਵਿੱਚ ਹਿੱਸਾ ਲੈਣ ਲਈ ਧਮਕੀ ਦੇਣਾ, ਨੌਕਰੀ ਤੋਂ ਕੱਢਣਾ, ਅਹੁਦਾ ਨੀਵਾਂ ਕਰਨਾ, ਜਾਂ ਮੁਅੱਤਲ ਕਰਨਾ ਗੈਰ-ਕਾਨੂੰਨੀ ਹੈ। ਜੇਕਰ ਕੋਈ ਰੁਜ਼ਗਾਰਦਾਤਾ ਕਿਸੇ ਕਰਮਚਾਰੀ ਨਾਲ ਬਦਲਾ ਲੈਂਦਾ ਹੈ, ਤਾਂ ਕਰਮਚਾਰੀ ਨੂੰ ਕੈਲੀਫੋਰਨੀਆ ਲੇਬਰ ਕਮਿਸ਼ਨਰ ਕੋਲ ਸ਼ਿਕਾਇਤ ਦਰਜ਼ ਕਰਵਾਉਣ ਦਾ ਅਧਿਕਾਰ ਹੈ।

ਜੁਲਾਈ 2024


© 2024 ਕੈਲੀਫੋਰਨੀਆ ਉਦਯੋਗਿਕ ਸੰਬੰਧ ਵਿਭਾਗ